# ਪ੍ਰੈਸੀ ਰਚਨਾ

Precis Writing in Panjabi

G-40

ਅਰਦਮਨ ਸਿੰਘ
ਐਮ ਏ., ਐਲ ਐਲ. ਬੀ.

ਪ੍ਰਕਾਸ਼ਕ
ਲਾਹੌਰ ਬੁਕ ਸ਼ਾਪ
ਨਿਸਬਤ ਰੋਡ, ਲਾਹੌਰ

## ੬.

# ਤਰਤੀਬ

ਬਹੁਤੇ ਵਿਦਿਆਰਥੀ ਸੰਖੇਪ ਕਰ ਕੇ ਲਿਖ ਲੈਂਦੇ ਹਨ, ਅਸਲ ਮਜ਼ਮੂਨ ਵਿਚੋਂ ਮੂਲ ਗੱਲਾਂ ਲੱਭ ਲੈਂਦੇ ਹਨ, ਪ੍ਰੈਸੀ ਲਿਖਨ ਦੇ ਆਮ ਨਿਯਮਾਂ ਵਿਚੋਂ ਬਹੁਤ ਸਾਰੇ ਚੰਗੀ ਤਰ੍ਹਾਂ ਨਿਭਾ ਵੀ ਲੈਂਦੇ ਹਨ, ਤਦ ਵੀ ਉਨ੍ਹਾਂ ਦੀ ਬਨਾਈ ਹੋਈ ਪ੍ਰੈਸੀ ਪਸੰਦ ਨਹੀਂ ਕੀਤੀ ਜਾਂਦੀ। ਇਸ ਦਾ ਕਾਰਣ ? ਕੇਵਲ ਇਹੋ ਕਿ ਉਹ ਇਸ ਗੱਲ ਦਾ ਧਿਆਨ ਨਹੀਂ ਰਖਦੇ ਕਿ ਆਪਣੀ ਚੀਜ਼ ਨੂੰ ਉਚਿਤ ਢੰਗ ਅਥਵਾ ਠੀਕ ਤਰਤੀਬ ਵਿਚ ਪੇਸ਼ ਕਰਨਾ ਹੁੰਦਾ ਹੈ ਜਿਸ ਨਾਲ ਹਰ ਗੱਲ, ਹਰ ਖ਼ਿਆਲ, ਆਪਣੀ ਆਪਣੀ ਥਾਂ ਤੇ ਆਇਆ ਹੋਵੇ। ਸਦਾ ਯਾਦ ਰਖੋ ਕਿ ਇਕ ਵਿਚਾਰ ਦੂਜੇ ਵਿਚਾਰ ਵਿਚੋਂ ਹੀ ਨਿਕਲਦਾ ਹੈ, ਇਕ ਪਰਿਮਾਨ (Point) ਆਪਣੇ ਤੋਂ (ਨਾਲ ਦੇ) ਪਹਿਲਾਂ ਆਏ ਪਰਿਮਾਨ ਦੀ ਲੀਕ ਤੇ ਹੀ ਆਉਂਦਾ ਹੈ, ਇਥੋਂ ਤਕ ਕਿ ਸਾਰੇ ਹੀ ਇਕ ਦੂਜੇ ਨਾਲ ਅਣਦਿਸਦੇ ਪੁਲ ਦੀ ਸਹਾਇਤਾ ਨਾਲ ਜੁੜੇ ਹੋਏ ਹੁੰਦੇ ਹਨ। ਪ੍ਰੈਸੀ ਨੂੰ ਇਸ ਤਰ੍ਹਾਂ ਲਿਖਣਾ ਕਿ ਉਸ ਵਿਚਲੇ ਖ਼ਿਆਲ (Facts) ਇਕ ਦੂਜੇ ਨਾਲ ਅੰਤ੍ਰੀਵ ਤੌਰ ਤੇ ਜੁੜੇ ਹੋਏ ਦੀ ਥਾਂ ਉਘੜ-ਦੁਗੜੇ ਹੀ ਰੱਖੇ ਹੋਏ ਹੋਣ, ਅਨਜਾਣ-ਪੁਣਾ ਹੈ। ਪਾਠਕ ਦੀ ਇਹੀ ਮੰਗ ਹੁੰਦੀ ਹੈ ਕਿ ਕਿਸੇ ਲਿਖਤ ਨੂੰ ਪੜ੍ਹਦਿਆਂ ਇਕ ਨੁਕਤੇ ਤੋਂ ਦੂਜੇ ਤੇ ਪੁਜਣ ਲਗਿਆਂ ਦੋਹਾਂ ਦਾ ਸੰਬੰਧ ਦਰਸਾਉ ਇਸ਼ਾਰੇ ਮੌਜੂਦ ਹੋਣ। ਸੋ ਸਦਾ ਇਸ ਗੱਲ ਦਾ ਧਿਆਨ ਰਖੋ ਕਿ ਪ੍ਰੈਸੀ ਵਿਚਲੀਆਂ ਗੱਲਾਂ(Facts) ਇਸ ਤਰ੍ਹਾਂ ਰਖੀਆਂ



ਹੋਈਆਂ ਹੋਣ ਕਿ ਪੜ੍ਹਨ ਸਮੇਂ ਇਕ ਤੋਂ ਦੂਜੀ ਤੇ ਜਾਂਦਿਆਂ ਕੋਈ ਅਟਕਾ ਜਾਂ ਵਖਰਾ-ਪਨ ਨ ਜਾਪੇ। ਸਾਰੇ ਖ਼ਿਆਲ ਅੱਡ ਅੱਡ ਗਰੁਪਾਂ ਵਿਚ ਤੇ ਇਕ ਦੂਜੇ ਨਾਲ ਸੰਬੰਧਤ ਹੋਣ, ਇਹੀ ਹੈ ਲਿਖਤ ਦੀ ਠੀਕ ਤਰਤੀਬ।

ਆਪਣੇ ਖ਼ਿਆਲਾਂ ਨੂੰ ਲਿਖਤ ਜਾਂ ਬੋਲ ਚਾਲ ਵਿਚ ਇਜੇਹੇ ਢੰਗ ਤੇ ਪੇਸ਼ ਕਰ ਸਕਣਾ ਸੌਖਾ ਕੰਮ ਨਹੀਂ। ਅਖਬਾਰਾਂ ਦੇ ਲੇਖਾਂ, ਵਿਆਖਿਆਨਾਂ ਦੀਆਂ ਰਪੋਟਾਂ, ਆਦਿ ਤੇ ਸਾਧਾਰਣ ਨਜ਼ਰ ਮਾਰਿਆਂ ਪਤਾ ਲਗ ਜਾਏਗਾ ਕਿਵੇਂ ਖ਼ਿਆਲ ਕੁਦਰਤੀ ਢੰਗ ਤੇ ਇਕ ਦੂਜੇ ਦੇ ਮਗਰ, ਅਤੇ ਆਪਸ ਵਿਚ ਸੰਬੰਧ ਰਖਦੇ ਹੋਏ ਚਲੇ ਆਉ ਦੇ ਹਨ। ਇਸਦੀ ਜਾਚ ਸਿਖਣ ਵਾਸਤੇ ਵੀ ਕੇਵਲ ਇਕੋ ਗੱਲ ਦੀ ਲੋੜ ਹੈ:–ਅਭਿਆਸ ! ਪ੍ਰੈਸੀ ਲਿਖਣ ਦੇ ਹੁਨਰ ਲਈ ਹੋਰ ਅਭਿਆਸ ਵਾਂਗ ਇਹ ਅਭਿਆਸ ਵੀ ਸੋਚ ਸ਼ਕਤੀ ਨੂੰ ਤਕੜਿਆਂ ਕਰਦਾ ਹੈ।

ਉਦਾਹਰਣ ਲਈ ਹੇਠ ਲਿਖੇ ਪੈਰੇ ਨੂੰ ਪੜ੍ਹੋ:–

> ਅਸੀਂ ਗਿਰਜੇ ਨੂੰ ਵੇਖ ਕੇ ਬੜੇ ਖ਼ੁਸ਼ ਹੋਏ; ਇਕ ਅਨੋਖੇ ਹੀ ਢੰਗ (੧) ਦਾ ਬਣਿਆ ਜਾਪਦਾ ਸੀ। ਇਸ ਨੂੰ ਬਨਾਉਣ ਦਾ ਸਾਰਾ ਸਾਮਾਨ (੨) ਸ਼ਹਿਰ ਦੇ ਲਾਗ ਦੀਆਂ ਪਹਾੜੀਆਂ ਤੋਂ ਹੀ ਖੋਦਿਆ ਗਿਆ ਸੀ। ਬੜੀ ਤਕੜੀ (੩) ਇਮਾਰਤ ਹੈ। ਕਈ ਥਾਵਾਂ ਤੇ ਬਰੀਕ ਸਜਾਵਟ (੪) ਸ਼ਾਹੀ ਪ੍ਰਭਾਵ ਪਾਉਂਦੀ ਹੈ। ਸਾਰਿਆਂ ਮਕਾਨਾਂ ਨਾਲੋਂ ਸਿਰ-ਕੱਢਵੀਂ (੫) ਇਮਾਰਤ ਹੋਣ ਕਰ ਕੇ ਇਸ ਉਤੇ ਜਦ ਡੁਬਦੇ ਸੂਰਜ ਦੀਆਂ ਕਿਰਨਾਂ ਪੈਂਦੀਆਂ ਹਨ ਤਾਂ ਇਸਦੇ ਪੱਥਰ ਦਾ (੬) ਸੁਹਾ ਰੰਗ ਸੋਹਣਾ ਨਜ਼ਰ ਆਉਂਦਾ ਹੈ। ਸੋਚਿਆ, ਵੇਖੋ ਇਨ੍ਹਾਂ ਪੱਥਰਾਂ ਨੂੰ ਗੱਡਿਆਂ (੭) ਵਿਚ ਪਾ ਕੇ ਏਥੇ ਲਿਆਂਦਾ ਗਿਆ; ਤਦ ਤੋਂ ਕਈ ਨਜ਼ਾਰੇ (੮) ਇਨ੍ਹਾਂ ਵੇਖੇ ਹੋਣਗੇ, ਖ਼ਾਸ ਕਰ ਤਾਜ ਪੋਸ਼ੀ ਦੀਆਂ ਰਸਮਾਂ ਸਮੇਂ ਕਿਉਂਕਿ ਸਾਰੇ ਬਾਦਸ਼ਾਹਾਂ (੯) ਨੂੰ ਇਥੇ ਹੀ ਤਾਜ ਪਹਿਨਾਇਆ ਜਾਂਦਾ ਰਿਹਾ ਹੈ।

ਇਸ ਪੈਰੇ ਵਿਚ ਬੜਾ ਭਾਰੀ ਨੁਕਸ ਹੈ। ਆਓ ਵੇਖੀਏ ਕੀ। ਇਸ

ਪੈਰੇ ਵਿਚ ੯ ਗੱਲਾਂ ਦਾ ਜ਼ਿਕਰ ਆਇਆ ਹੈ। ਉਸੇ ਤਰ੍ਹਾਂ ਨੰਬਰ ਵਾਰ ਲਿਖ ਲੈਂਦੇ ਹਾਂ:--

੧. ਗਿਰਜਾ ਕਿਸ ਢੰਗ ਦਾ ਹੈ
੨. ਇਸ ਨੂੰ ਬਨਾਉਣ ਦਾ ਸਾਮਾਨ ਕਿਥੋਂ ਆਇਆ
੩. ਇਮਾਰਤ ਕਿਹੋ ਜੇਹੀ ਹੈ
੪. ਸਜਾਵਟ ਦਾ ਅਸਰ
੫. ਇਮਾਰਤ ਦੀ ਉਚਾਈ
੬. ਸਾਮਾਨ (ਪੱਥਰ ਆਦਿ) ਦਾ ਰੰਗ-ਰੂਪ
੭. ਖਿਆਲ ਕੀਤੇ ਗਏ ਨਜ਼ਾਰੇ
੮. ਸਾਮਾਨ ਕਿਸ ਤਰ੍ਹਾਂ ਲਿਆਂਦਾ
੯. ਅਸਲੀ ਹੋਏ ਬੀਤੇ ਨਜ਼ਾਰੇ

ਇਹ ੯ ਗੱਲਾਂ ਖਿਚੜੀ ਜਿਹੀ ਹੋਈਆਂ ਹੋਈਆਂ ਹਨ, ਜਿਸ ਤਰਤੀਬ ਵਿਚ ਚਾਹੀਦੀਆਂ ਸਨ ਬਿਲਕੁਲ ਨਹੀਂ। ਕੋਈ ਖ਼ਿਆਲ ਕਿਤੇ ਹੈ ਤੇ ਕੋਈ ਕਿਤੇ। ਮੁੜ ਨਵੇਂ ਸਿਰਿਓਂ ਇਨ੍ਹਾਂ ਨੂੰ ਤਰਤੀਬ ਦੇਈਏ ਕਿ ੧, ੭, ੬, ੩, ੪ ਨੰਬਰ ਦੇ ਖ਼ਿਆਲ ਇਕ ਗਰੁਪ ਹੋ ਜਾਏ ਤੇ ਉਸ ਪਿਛੋਂ ੫, ੬, ੨, ੮ ਨੰਬਰ ਦੇ ਖ਼ਿਆਲ ਆਉਣ। ਇਸ ਤਰ੍ਹਾਂ ਪਹਿਲਾਂ ਇਮਾਰਤ ਦਾ ਜ਼ਿਕਰ ਆ ਜਾਏਗਾ ਤੇ ਦੂਜੇ ਹਿਸੇ ਵਿਚ ਸਾਮਾਨ ਬਾਬਤ। ਮੁੜ ਲਿਖਣ ਤੇ ਪੈਰਾ ਐਉਂ ਹੋ ਜਾਂਦਾ ਹੈ:-

ਅਸੀਂ ਗਿਰਜੇ ਨੂੰ ਵੇਖ ਕੇ ਬੜੇ ਹੀ ਖ਼ੁਸ਼ ਹੋਏ; ਇਕ ਅਨੋਖੇ ਹੀ ਢੰਗ ਦਾ ਬਨਿਆ ਹੋਇਆ ਲਗਦਾ ਸੀ। ਵੇਖਦਿਆਂ ਹੀ ਸਾਡੇ ਮਨ ਵਿਚ ਖ਼ਿਆਲ ਦੌੜ ਆਇਆ ਕਿ ਇਸ ਇਮਾਰਤ ਨੇ ਕਿੰਨੇ ਹੀ ਨਜ਼ਾਰੇ ਵੇਖੇ ਹੋਣਗੇ ਖ਼ਾਸ ਕਰ ਬਾਦਸ਼ਾਹਾਂ ਦੀ ਤਾਜਪੋਸ਼ੀ ਦੀ ਰਸਮ ਸਮੇਂ ਜਿਨ੍ਹਾਂ ਨੂੰ ਏਥੇ ਤਾਜ ਪਹਿਨਾਇਆ ਜਾਂਦਾ ਰਿਹਾ ਹੈ। ਬੜੀ ਤਕੜੀ ਇਮਾਰਤ ਹੈ; ਕਈ ਥਾਈਂ ਬਰੀਕ ਸਜਾਵਟ ਕੀਤੀ ਹੋਈ ਸ਼ਾਹੀ ਪ੍ਰਭਾਵ ਪਾਉਂਦੀ ਹੈ। ਸਾਰਿਆਂ ਮਕਾਨਾਂ ਨਾਲੋਂ ਸਿਰ



ਕੱਢਵੀਂ ਹੋਣ ਕਰਕੇ, ਡੁਬਦੇ ਸੂਰਜ ਦੀਆਂ ਕਿਰਨਾਂ ਵਿਚ ਇਸਦੇ ਪੱਥਰ ਦਾ ਸੂਹਾ ਰੰਗ ਸੋਹਣਾ ਲੱਭਦਾ ਹੈ। ਇਹ ਪੱਥਰ ਸ਼ਹਿਰ ਦੇ ਲਾਗ ਦੀਆਂ ਪਹਾੜੀਆਂ ਤੋਂ ਖੋਦਿਆ ਗਿਆ ਸੀ ਅਤੇ ਇਥੇ ਗੱਡਿਆਂ ਵਿਚ ਰਖ ਕੇ ਲਿਆਂਦਾ ਗਿਆ ਸੀ।

ਤੁਸੀਂ ਆਪ ਹੀ ਵੇਖੋ ਕਿ ਮੁੜ ਤਰਤੀਬ ਦੇਣ ਨਾਲ ਕੀਹ ਚੰਗੇਰਾ ਅਸਰ ਲਿਖਤ ਵਿਚ ਆ ਗਿਆ ਹੈ ਅਤੇ ਨਾਲ ਨਾਲ ਜੋ ਲਫ਼ਜ਼ਾਂ ਦੀ ਵੀ ਅਦਲਾ-ਬਦਲੀ ਕਰਨੀ ਪਈ ਹੈ। ਇਹ ਵੀ ਦੇਖੋ ਕਿਵੇਂ (੫) ਨੰਬਰ ਦਾ ਵਾਕ ਮੁੜ ਲਿਖੇ ਪੈਰੇ ਵਿਚ ਦੋਹਾਂ ਗਰੁਪਾਂ ਨੂੰ ਸੰਬੰਧਤ ਕਰਨ ਦਾ ਕੰਮ ਦਿੰਦਾ ਹੈ। ਇਹ ਪੈਰੇ ਦੇ ਪਹਿਲੇ ਹਿਸੇ ਵਿਚ ਰਖਿਆ ਜਾ ਸਕਦਾ ਸੀ, ਪਰ ਇਸ ਨੂੰ ਦੂਜੇ ਹਿੱਸੇ ਦਾ ਮੁਢਲਾ ਵਾਕ ਬਣਾ ਦੇਣ ਨਾਲ ਪਾਠਕ ਇਮਾਰਤ ਸੰਬੰਧੀ ਗੱਲਾਂ ਤੋਂ ਸਾਮਾਨ ਸੰਬੰਧੀ ਗੱਲਾਂ ਵਲ ਬੜੇ ਸੌਖ ਤੇ ਕੁਦਰਤੀ ਢੰਗ ਨਾਲ ਚਲਾ ਜਾਂਦਾ ਹੈ। ਦੋਵੇਂ ਗਰੁਪਾਂ ਦੇ ਖ਼ਿਆਲ ਆਪਣੀ ਆਪਣੀ ਠੀਕ ਥਾਂ ਤੇ ਚਲੇ ਆਉਂਦੇ ਹਨ। ਇਹ ਨਹੀਂ ਕਿ ਇਕ ਤਰ੍ਹਾਂ ਦੇ ਖ਼ਿਆਲ ਕੋਈ ਕਿਧਰੇ ਤੇ ਕੋਈ ਕਿਧਰੇ ਹੋਣ।

ਹੇਠਾਂ ਕੁਝ ਪੈਰੇ ਅਭਿਆਸ ਲਈ ਦਿਤੇ ਜਾਂਦੇ ਹਨ। ਇਨ੍ਹਾਂ ਨੂੰ ਠੀਕ ਕਰਕੇ ਮੁੜ ਲਿਖੋ। ਮੁੜ ਲਿਖੇ ਹੋਏ ਪੈਰਿਆਂ ਨੂੰ ਇਹ ਨਾ ਸਮਝ ਲਿਆ ਜਾਵੇ ਕਿ ਬਿਲਕੁਲ ਠੀਕ ਹੋ ਗਏ ਹਨ ਤੇ ਇਸੇ ਲਿਖਤ-ਢੰਗ ਨੂੰ ਆਦਰਸ਼ ਬਣਾ ਲਵੋ। ਇਹ ਤਾਂ ਕੇਵਲ ਅਭਿਆਸ ਕਰਾਉਣ ਲਈ ਹਨ ਕਿ ਜਾਚ ਆ ਜਾਏ ਕਿਵੇਂ ਖ਼ਿਆਲਾਂ ਨੂੰ ਆਪਣੀ ਆਪਣੀ ਥਾਂ ਸਿਰ ਲਿਆਉਣਾ ਹੈ। ਤਰਤੀਬ ਠੀਕ ਕਰਦਿਆਂ ਜਿਥੇ ਲੋੜ ਜਾਪੇ ਬੋਲੀ ਦੀ ਸੁਧਾਈ ਵੀ ਕਰਨੀ ਚਾਹੀਦੀ ਹੈ।

ਅਭਿਆਸ

ਹੇਠ ਲਿਖੇ ਪੈਰੇ ਠੀਕ ਕਰੋ :-

(੧) ਅਸਾਂ ਆਪਣਾ ਖੋਦਾਈ ਦਾ ਕੰਮ ਸਵੇਰੇ ਸਵੇਰੇ ਹੀ ਸ਼ੁਰੂ ਕਰ ਦਿਤਾ, ਇਸ ਖ਼ਿਆਲ ਨਾਲ ਕਿ ਰਾਤ ਪੈਂਦਿਆਂ ਤਕ ਸਾਡਾ ਮੰਤਵ ਪੂਰਾ ਹੋ ਜਾਏਗਾ। ਦਸ ਉਸ ਦੇਸ ਦੇ ਮਜ਼ਦੂਰ ਤੇ ਪੰਜ ਖੱਚਰਾਂ ਸਾਡੇ ਨਾਲ ਸਨ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.